**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ ਨਗਰ।**

**(ਕੋਆਰਡੀਨੇਸ਼ਨ ਸੈਲ)**

**ਸੇਵਾ ਵਿਖੇ**

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ। (ਉਪਲੋਡ website)
3. ਸਮੂਹ ਪ੍ਰਿੰਸੀਪਲ / ਮੁੱਖ ਅਧਿਆਪਕ, ਪੰਜਾਬ

**ਮੀਮੋ ਨੰ:** 15/1-2017 ਕੋ ਸੈਲ (1)/75

**ਮਿਤੀ:** 09-02-2017

**ਵਿਸ਼ਾ:** **ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਵਿਭਾਗੀ ਪ੍ਰਵਾਨਗੀ ਲੈਣ ਸਬੰਧੀ।**

**ਹਵਾਲਾ:** ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-2 ਸ਼ਾਖਾ) ਦਾ ਪੱਤਰ ਨੰ: 18/44/2016- 1ਸਿ2/918753/2 ਮਿਤੀ: 02-02-2017.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

**ਨੱਥੀ:** ਉਕਤ ਅਨੁਸਾਰ

ਇੰਚਾਰਜ਼ ਕੋਆਰਡੀਨੇਸ਼ਨ ਸੈਲ

**ਪਿੱ: ਅੰ: ਨੰ: ਉਕਤ** ਮਿਤੀ: 09-02-2017

ਉਤਾਰਾ ਦਫਤਰ ਡੀ.ਪੀ.ਆਈ (ਸੈਸਿ) ਵਿਖੇ ਸਮੂਹ ਅਮਲਾ ਅਧਿਕਾਰੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਇੰਚਾਰਜ਼ ਕੋਆਰਡੀਨੇਸ਼ਨ ਸੈਲ

ਨੰ:18/44/2016-1ਸਿ2/ 918753/2

ਪੰਜਾਬ ਸਰਕਾਰ

**ਸਿੱਖਿਆ ਵਿਭਾਗ**

**(ਸਿੱਖਿਆ-2 ਸ਼ਾਖਾ)**

ਸੇਵਾ ਵਿਖੇ,

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।

ਡੀਪੀਆਈ (ਸੈਸਿ), ਪੰਜਾਬ।

ਡੀਪੀਆਈ (ਪ੍ਰਾਇਮਰੀ), ਪੰਜਾਬ।

ਡਾਇਰੈਕਟਰ ਐਸ.ਸੀ.ਆਰ.ਟੀ ਪੰਜਾਬ।

ਸਮੂਹ ਮੰਡਲ **ਸਿੱਖਿਆ** ਅਫਸਰ ਪੰਜਾਬ।

ਸਮੂਹ ਜਿਲ੍ਹਾ ਸਿੱਖਿਆ ਅਫਸਰ ਪੰਜਾਬ। (ਵੈੱਬਸਾਈਟ ਰਾਹੀਂ)

ਮਿਤੀ: ਚੰਡੀਗੜ੍ਹ

5243 6/2/17 1025 8/2/17

W 7-2-17 DCC

ਵਿਸ਼ਾ:- ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀ/ਕਰਮਚਾਰੀਆਂ ਵਲੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੀ ਵਿਭਾਗੀ ਪ੍ਰਵਾਨਗੀ ਲੈਣ ਸਬੰਧੀ।

******

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਗਰੁੱਪ -ਏ ਅਤੇ ਗਰੁੱਪ - ਬੀ ਦੇ ਅਧਿਕਾਰੀਆਂ ਵਲੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਜਿਲ੍ਹਾ ਸਿੱਖਿਆ ਅਫਸਰ ਵਲੋਂ ਪ੍ਰਵਾਨਗੀ ਦਿੱਤੀ ਜਾ ਰਹੀ ਹੈ, ਜਦ ਕਿ ਗਰੁੱਪ - ਏ ਅਤੇ ਗਰੁੱਪ - ਬੀ ਦੇ ਅਧਿਕਾਰੀਆਂ ਨੂੰ ਉਚੇਰੀ ਸਿੱਖਿਆ ਸਰਕਾਰ ਪੱਧਰ ਤੇ ਦਿੱਤੀ ਜਾਣੀ ਹੈ ਅਤੇ ਗਰੁੱਪ - ਸੀ, ਡੀ ਕਰਮਚਾਰੀਆਂ ਦੀ ਉਚੇਰੀ ਸਿੱਖਿਆ ਦੀ ਪ੍ਰਵਾਨਗੀ ਸਬੰਧਤ ਡਾਇਰੈਕਟੋਰੇਟ ਵਲੋਂ ਦਿੱਤੀ ਜਾਣੀ ਹੈ।

2. ਇਸ ਲਈ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਗਰੁੱਪ ਏ ਅਤੇ ਗਰੁੱਪ - ਬੀ ਅਧਿਕਾਰੀਆਂ ਜਿਨ੍ਹਾਂ ਨੇ ਉਚੇਰੀ ਸਿੱਖਿਆ ਪ੍ਰਾਪਤ ਕਰਨੀ ਹੈ ਉਸ ਦੀ ਪ੍ਰਵਾਨਗੀ ਸਰਕਾਰ ਦੇ ਪੱਧਰ ਤੇ ਪ੍ਰਾਪਤ ਕੀਤੀ ਜਾਵੇਗੀ ਅਤੇ ਜੇਕਰ ਜਿਲ੍ਹਾ ਸਿੱਖਿਆ ਅਫਸਰ ਵਲੋਂ ਪ੍ਰਵਾਨਗੀ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਉਸ ਨੂੰ ਮੰਨਿਆ ਨਹੀਂ ਜਾਵੇਗਾ ਅਤੇ ਗਰੁੱਪ - ਸੀ ਅਤੇ ਗਰੁੱਪ - ਡੀ ਕਰਮਚਾਰੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਪ੍ਰਵਾਨਗੀ ਡੀਪੀਆਈ ਪੰਜਾਬ ਕੋਲੋਂ ਪ੍ਰਾਪਤ ਕਰਨਗੇ !

3. ਜਿਹੜੇ ਅਧਿਕਾਰੀ/ਕਰਮਚਾਰੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਦੇ ਚਾਹਵਾਨ ਹੋਣਗੇ ਉਹ ਇੱਕ ਹਲਫੀਆ ਬਿਆਨ ਦੇਣਗੇ ਕਿ ਉਹ ਪਦ ਉੱਨਤੀਆਂ ਜਾਂ ਉਚੇਰੀ ਤਨਖਾਹ ਲਈ ਕਲੇਮ ਨਹੀਂ ਕਰਨਗੇ।

4. ਜਿਹੜੇ ਅਧਿਕਾਰੀ ਗਰੁੱਪ ਏ ਅਤੇ ਬੀ ਵਿਚ ਉਚੇਰੀ ਯੋਗਤਾ ਮੁਕੰਮਲ ਕਰਨ ਉਪਰੰਤ ਉਨ੍ਹਾਂ ਦੀ ਇਹ ਜਿੰਮੇਵਾਰੀ ਹੋਵੇਗੀ ਕਿ ਉਹ ਹਾਸਲ ਕੀਤੀ ਉਚੇਰੀ ਯੋਗਤਾ ਦੀ ਡਿਗਰੀ/ਸਰਟੀਫਿਕੇਟ ਦੀਆਂ ਸਵੈ ਤਸਦੀਕਸ਼ੁਦਾ ਕਾਪੀਆਂ ਸਰਕਾਰ ਨੂੰ ਭੇਜਣਗੇ ਅਤੇ ਗਰੁੱਪ ਸੀ,ਡੀ ਦੇ ਕਰਮਚਾਰੀ ਉਚੇਰੀ ਯੋਗਤਾ ਦੇ ਡਿਗਰੀ/ਸਰਟੀਫਿਕੇਟ ਸਬੰਧਤ ਡੀ.ਪੀ.ਆਈ ਨੂੰ ਜਮਾਂ ਕਰਵਾਉਣਗੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸੁਪਰਡੰਟ 07/2/17

ਪਿ:ਅੰ:ਨੰ: 18/44/2016-1ਸਿ2/

ਮਿਤੀ: ਚੰਡੀਗੜ੍ਹ

ਇਸ ਦਾ ਇੱਕ ਉਤਾਰਾ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹਦਾਇਤਾਂ ਨੂੰ ਆਪਣੇ ਪੋਰਟਲ ਤੇ ਪਾਇਆ ਜਾਵੇ।

ਸੁਪਰਡੰਟ 07/2/17